# ਨਵੇਂ ਨਿਯਮ ਅਨੁਸ਼ਾਰ ਕੈਨੇਡਾ ਵਿੱਚ ਦਾਖਲ ਹੋਣ ਵਾਲਿਆਂ ਲਈ ਸੈਲਫ ਆਈਸੋਲੇਸ਼ਨ 'ਚ ਰਹਿਣਾ ਜਰੂਰੀ -ਸਿਹਤ ਮੰਤਰੀ ਪੈਟੀ ਹਾਜ਼ਦੂ

## ਨਿਯਮ ਦੀ ਉਲੰਘਣਾ ਕਰਨ ਵਾਲੇ ਯਾਤਰੀ ਨੂੰ ਜੁਰਮਾਨੇ ਦੇ ਨਾਲ-ਨਾਲ ਹੋਵੇਗੀ ਜੇਲ?



ਟੋਰਾਂਟੋ (ਕੈਨੇਡਾ)/ 27 ਮਾਰਚ 2020/ ਬਿਊਰੋ

ਫੈਡਰਲ ਕੁਆਰਨਟੀਨ ਐਕਟ ਤਹਿਤ ਅਪਣਾਏ ਜਾਣ ਵਾਲੇ ਨਵੇਂ ਮਾਪਦੰਡਾਂ ਅਨੁਸਾਰ ਕੈਨੇਡਾ ਵਾਪਸ ਆ ਰਹੇ ਯਾਤਰੀਆਂ ਨੂੰ ਸੈਲਫ ਆਈਸੋਲੇਸ਼ਨ 'ਚ ਰਹਿਣਾ ਹੋਵੇਗਾ।

ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਸੈਨੇਟ ਵਿੱਚ ਆਖਿਆ ਕਿ ਨਵੇਂ ਮਾਪਦੰਡਾਂ ਨਾਲ ਦੇਸ਼ ਵਿੱਚ ਦਾਖਲ ਹੋਣ ਵਾਲਿਆਂ ਲਈ ਨਵੇਂ ਨਿਯਮ ਹੁਣ ਸਪਸ਼ਟ ਹੋ ਗਏ ਹਨ। ਸਾਰੇ ਯਾਤਰੀਆਂ ਤੇ ਕਾਨੂੰਨੀ ਤੌਰ ਤੇ ਇਹ ਬੰਦਿਸ਼ ਹੋਵੇਗੀ ਕਿ ਉਹ ਕੈਨੇਡਾ ਪਹੁੰਚਣ ਉਪਰੰਤ ਖੁਦ ਨੂੰ ਆਈਸੋਲੇਟ ਕਰ ਲੈਣ। ਨੋਵਲ ਕਰੋਨਾ ਵਾਇਰਸ ਹੋਰ ਨਾ ਫੈਲੇ ਇਸ ਲਈ ਅਜਿਹਾ ਕੀਤਾ ਜਾਣਾ ਅਤੀ ਜ਼ਰੂਰੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੈਟੀ ਹਾਜ਼ਦੂ ਨੇ ਆਖਿਆ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐਸ.ਏ.) ਦੇ ਅਧਿਕਾਰੀ ਕੈਨੇਡਾ ਆਉਣ ਵਾਲੇ ਸਾਰੇ ਯਾਤਰੀਆਂ ਨੂੰ ਇਸ ਨਵੇਂ ਨਿਯਮ ਤੋਂ ਜਾਣੂ ਕਰਵਾਉਣਗੇ। ਉਨ੍ਹਾ ਆਖਿਆ ਕਿ ਸਾਰੇ ਯਾਤਰੀਆਂ ਨੂੰ ਇਹ ਦੱਸਿਆ ਜਾਵੇਗਾ ਕਿ ਘਰ ਪਹੁੰਚਣ ਤੱਕ ਉਹ ਰਾਹ ਵਿੱਚ ਕਿਤੇ ਵੀ ਨਹੀਂ ਰੁਕ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਪਬਲਿਕ ਟਰਾਂਸਪੋਰਟੇਸ਼ਨ ਦੀ ਵਰਤੋਂ ਕਰਨ ਦੀ ਇਜਾਜ਼ਤ ਹੋਵੇਗੀ। ਜਿਨ੍ਹਾਂ ਕੋਲ ਆਵਾਜਾਈ ਦੇ ਪ੍ਰਾਈਵੇਟ ਸਾਧਨ ਨਹੀਂ ਹਨ ਉਨ੍ਹਾਂ ਲਈ ਟਰੈਵਲ ਦੇ ਇੰਤਜ਼ਾਮ ਸਰਕਾਰ ਕਰੇਗੀ।

ਸਿਹਤ ਮੰਤਰੀ ਨੇ ਸਪਸ਼ਟ ਕੀਤਾ ਕਿ ਇਹ ਨਿਯਮ ਨਾ ਸਿਰਫ ਕਰੋਨਾ ਵਾਇਰਸ ਦੇ ਲੱਛਣ ਦਰਸਾਉਣ ਵਾਲੇ ਲੋਕਾਂ ਉੱਤੇ ਸਗੋਂ ਕੈਨੇਡਾ ਪਰਤਣ ਵਾਲੇ ਸਾਰੇ ਯਾਤਰੀਆਂ ਉੱਤੇ ਲਾਗੂ ਹੋਵੇਗਾ। ਉਨ੍ਹਾ ਇਹ ਵੀ ਆਖਿਆ ਕਿ ਕੈਨੇਡਾ ਪਰਤਣ ਵਾਲੇ ਯਾਤਰੀ ਖੁਦ ਨੂੰ ਅਜਿਹੀ ਥਾਂ ਉੱਤੇ ਆਈਸੋਲੇਟ ਨਾ ਕਰਨ ਜਿੱਥੇ ਉਨ੍ਹਾਂ ਦਾ ਸੰਪਰਕ ਕਿਸੇ ਵੀ ਹੋਰ ਬੀਮਾਰੀ ਦੇ ਕਾਰਨ ਕਮਜ਼ੋਰ ਹੋਏ ਲੋਕਾਂ, ਜਿਨ੍ਹਾਂ ਦੀ ਪਹਿਲਾਂ ਤੋਂ ਹੀ ਕੋਈ ਮੈਡੀਕਲ ਸਮੱਸਿਆ ਹੈ ਉਨ੍ਹਾ ਅਤੇ ਬਜ਼ੁਰਗਾਂ ਨਾਲ ਹੋ ਸਕਦਾ ਹੋਵੇ। ਉਨ੍ਹਾ ਨੇ ਕੈਨੇਡਾ ਪਰਤਣ ਵਾਲੇ ਯਾਤਰੀਆਂ ਨੂੰ ਚੈਤਾਵਨੀ ਦਿੱਤੀ ਕਿ ਇਸ ਨਿਯਮ ਦੀ ਪਾਲਣਾ ਨਾ ਕਰਨਾ ਹੁਣ ਗੈਰ-ਕਾਨੂੰਨੀ ਮੰਨਿਆ ਜਾਵੇਗਾ ਅਤੇ ਫੈਡਰਲ ਸਰਕਾਰ ਵੱਲੋਂ ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਯਾਤਰੀ ਨੂੰ ਜੁਰਮਾਨੇ ਦੇ ਨਾਲ-ਨਾਲ ਜੇਲ੍ਹ ਵੀ ਹੋਵੇਗੀ।

# ਭਾਰਤੀ ਮੂਲ ਦੇ ਸਿੱਖ ਲੜਕੇ ਸਿਮਰਤਪਾਲ ਸਿੰਘ ਦਾ ਅਮਰੀਕਾ ਦੀ ਜੇਲ੍ਹ ਵਿੱਚ ਮੌਤ

## ਇੰਮੀਗਰੇਸ਼ਨ ਅਧਿਕਾਰੀਆਂ ਵਲੋਂ ਅਜੇ ਮੌਤ ਸਬੰਧੀ ਜਾਂਚ ਜਾਰੀ -ਸਤਨਾਮ ਸਿੰਘ ਚਾਹਲ

ਜਲੰਧਰ/ ਮਵਦੀਲਾ ਬਿਓਰੋ

ਭਾਰਤੀ ਮੂਲ ਦੇ 21 ਸਾਲਾ ਸਿੱਖ ਲੜਕੇ ਸਿਮਰਤਪਾਲ ਸਿੰਘ ਦੀ ਅਮਰੀਕਾ ਦੇ ਕਸਟਮ ਐਂਡ ਇਨਫਰਸਮੈਂਟ ਵਿਭਾਗ (ਆਈ.ਸੀ.ਈ) ਦੀ ਜੇਲ ਲਾ ਪਾਜ ਕਾਊਂਟੀ ਜੇਲ ਵਿਚ ਪਿਛਲੇ ਸਾਲ ਮੌਤ ਹੋ ਗਈ ਸੀ ਜਿਸਦੀ ਵਿਭਾਗੀ ਜਾਂਚ ਅਜੇ ਤਕ ਜਾਰੀ ਹੈ।

ਇਸ ਗਲ ਦੀ ਜਾਣਕਾਰੀ ਦਿੰਦਿੰਆਂ ਅਜ ਇਥੇ ਨੌਰਥ ਅਮਰੀਕਨ ਪੰਜਾਬੀ ਐਸ਼ੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਦਸਿਆ ਕਿ ਅਮਰੀਕਾ ਦੇ ਕਸਟਮ ਐਂਡ ਇੰਨਫੋਰਸਮੈਂਟ ਵਿਭਾਗ (ਆਈ.ਸੀ.ਈ ) ਵਲੋਂ ਫਰੀਡਮ ਆਫ ਇੰਫਰਮੇਸ਼ਨ ਐਕਟ ਤਹਿਤ ਪ੍ਰਾਪਤ ਹੋਈ ਜਾਣਕਾਰੀ ਰਾਹੀਂ ਵਿਭਾਗ ਨੇ ਦਸਿਆ ਹੈ ਕਿ ਸਿਮਰਤਪਾਲ ਸਿੰਘ ਦੀ ਮੌਤ ਸਬੰਧੀ ਕਿਉਂਕਿ ਅਜੇ ਵਿਭਾਗੀ ਜਾਂਚ ਪੜਤਾਲ ਚਲ ਰਹੀ ਹੈ। ਇਸ ਲਈ ਵਿਭਾਗ ਵਲੋਂ ਇਸ ਮੌਤ ਸਬੰਧੀ ਹੋਰ ਵੇਰਵਾ ਨਹੀਂ ਦਿਤੇ ਜਾ ਸਕਦੇ।

ਸ: ਚਾਹਲ ਨੇ ਦਸਿਆ ਕਿ ਸਿਮਰਤਪਾਲ ਸਿੰਘ ਨੂੰ ਅਮਰੀਕਾ ਦੇ ਕਸਟਮ ਐਂਡ ਇੰਨਫਰਸਮੈਂਟ ਵਿਭਾਗ (ਆਈ.ਸੀ.ਈ) ਵਿਭਾਗ ਨੇ ਹਮਲੇ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿੱਚ ਬਾਂਡ ਪੋਸਟ ਕਰਨ ਤੋਂ ਬਾਅਦ ਮਈ 02, 2019 ਨੂੰ ਗਰਿਫਤਾਰ ਕਰਕੇ ਜਦ ਤਕ ਉਸਨੂੰ ਕਸਟਮ ਐਂਡ ਇੰਨਫਰਸਮੈਂਟ ਵਿਭਾਗ (ਆਈ.ਸੀ.ਈ) ਦੀ ਜੇਲ ਵਿਚ ਤਬਦੀਲ ਨਹੀਂ ਕੀਤਾ ਜਾਂਦਾ ਤਦ ਤਕ ਲਈ ਵਿਭਾਗ ਨੇ ਉਸ ਨੂੰ ਲਾ ਪਾਜ ਕਾਊਂਟੀ ਜੇਲ ਵਿਚ ਨਜਰਬੰਦ ਕਰ ਦਿਤਾ ਗਿਆ ਸੀ। ਉਸੇ ਹੀ ਰਾਤ ਜੇਲ ਅਧਿਕਾਰੀਆਂ ਨੇ ਨੋਟਿਸ ਕੀਤਾ ਕਿ ਸਿਮਰਤਪਾਲ ਸਿੰਘ ਜੇਲ ਅੰਦਰ ਸਾਹ ਨਹੀਂ ਲੈ ਰਿਹਾ ਸੀ। ਜਿਸ ਕਾਰਣ ਜੇਲ ਅਧਿਕਾਰੀਆਂ ਨੇ ਤੁਰੰਤ ਉਸਨੂੰ ਐਂਬੂਲੈਂਸ ਰਾਹੀਂ ਲਾ ਪਾਜ ਕਾਊਂਟੀ ਜੇਲ ਦੇ ਪਾਰਕਰ (ਐਰੀਜੋਨਾ) ਸਥਿਤ ਹਸਪਤਾਲ ਵਿਚ ਇਲਾਜ ਲਈ ਭੇਜ ਦਿਤਾ ਸੀ।

ਜਿਸ ਦੇ ਤੁਰੰਤ ਬਾਅਦ ਉਸਨੂੰ ਹੈਲੀਕਾਪਟਰ ਰਾਹੀਂ ਅਬਰਾਜ਼ੂ ਵੈਸਟ ਕੈਂਪਸ ਹਸਪਤਾਲ ਵਿਚ ਭੇਜਿਆ ਗਿਆ ਸੀ। ਜਿਥੇ ਡਾਕਟਰਾਂ ਨੇ 3 ਮਈ 2019 ਨੂੰ ਸਵੇਰੇ 1.58 ਵਜੇ ਉਸਨੂੰ ਮ੍ਰਿਤਕ ਕਰਾਰ ਦੇ ਦਿਤਾ। ਇਸ ਉਪਰੰਤ ਕਸਟਮ ਐਂਡ ਇੰਨਫਰਸਮੈਂਟ ਵਿਭਾਗ (ਆਈ.ਸੀ.ਈ) ਵਿਭਾਗ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਇਸ ਮੌਤ ਸਬੰਧੀ ਭਾਰਤੀ ਸਫਾਰਤਖਾਨੇ ਨੂੰ ਜਾਣਕਾਰੀ ਦੇ ਦਿਤੀ ਸੀ। ਸ: ਚਾਹਲ ਨੇ ਸਪਸ਼ਟ ਕੀਤਾ ਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਕਿ ਇਹ ਮੌਤ ਸਿਮਰਤਪਾਲ ਸਿੰਘ ਵੱਲੋਂ ਕੀਤੀ ਗਈ ਖੁਦਕੁਸ਼ੀ ਕਾਰਨ ਹੋਈ ਸੀ ਜਾਂ ਇਹ ਇਕ ਕੁਦਰਤੀ ਮੌਤ ਸੀ।

ਸ: ਚਾਹਲ ਨੇ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਇਕ ਹੋਰ ਸਿੱਖ ਲੜਕਾ ਪਰਮਜੀਤ ਸਿੰਘ (35) ਜੋ ਕਿ ਪੰਜਾਬ ਰਾਜ ਦੇ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਨੇੜੇ ਪਿੰਡ ਮੁਹਬਲੀਪੁਰ ਦਾ ਰਹਿਣ ਵਾਲਾ ਸੀ, ਨੇ ਕੈਲੀਫੋਰਨੀਆ ਵਿਚ ਸਿਲਿਕਨ ਵੈਲੀ ਦੇ ਸ਼ਹਿਰ ਸੰਨੀਵੇਲ ਵਿਖੇ ਆਪਣੀ ਰਿਹਾਇਸ਼ ਤੇ ਫਾਹਾ ਲੈ ਲਿਆ ਸੀ। ਜਿਸ ਉਪਰੰਤ ਉਹ ਮ੍ਰਿਤਕ ਪਾਇਆ ਗਿਆ ਸੀ।

ਉਹ ਆਪਣੀ ਮੌਤ ਤੋਂ ਛੇ ਮਹੀਨੇ ਪਹਿਲਾਂ ਹੀ ਪੰਜਾਬ ਵਿਚੋਂ ਆ ਕੇ ਬੇ ਏਰੀਆ ਦੇ ਸ਼ਹਿਰ ਸੰਨੀਵੇਲ ਵਿਚ ਆਪਣੇ ਤੇ ਆਪਣੇ ਪਰਿਵਾਰ ਦੇ ਵਧੀਆ ਭਵਿਖ ਦੇ ਸੁਪਨੇ ਲੈ ਕੇ ਇਥੇ ਆਇਆ ਸੀ।

ਉਸ ਸਬੰਧੀ ਉਸ ਵਕਤ ਪਰਾਪਤ ਹੋਈ ਜਾਣਕਾਰੀ ਅਨੁਸਾਰ ਉਹ ਇਕ ਬੜੇ ਲੰਬੇ ਸੰਘਰਸ਼ ਤੋਂ ਬਾਅਦ ਮੈਕਸੀਕੋ ਨਾਲ ਲੱਗਦੀ ਅਮਰੀਕਾ ਦੀ ਸਰਹੱਦ ਰਾਹੀਂ ਅਮਰੀਕਾ ਵਿਚ ਦਾਖਲ ਹੋਇਆ ਸੀ। ਜਿਸਦੇ ਬਦਲੇ ਉਸਨੇ ਆਪਣੇ ਏਜੰਟ ਨੂੰ ਭਾਰੀ ਰਕਮ ਅਦਾ ਕੀਤੀ ਸੀ। ਲੇਕਿਨ ਅਮਰੀਕਾ ਪਹੁੰਚਣ ਤੋਂ ਬਾਅਦ ਉਹ ਇਥੇ ਉਸਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਬਰਦਾਸ਼ਤ ਨਾ ਕਰਦਾ ਹੋਇਆ ਬੜੇ ਭਾਰੀ ਮਾਨਸਿਕ ਤਣਾਅ ਵਿਚ ਰਹਿਣ ਲਗ ਪਿਆ ਸੀ। ਉਹ ਇਥੇ ਰੁਜ਼ਗਾਰ ਨਾ ਮਿਲਣ ਦੇ ਕਾਰਣ ਵੀ ਆਪਣੇ ਆਪ ਨੂੰ ਹਮੇਸ਼ਾਂ ਤਣਾਅ ਨਾਲ ਲੜਦਾ ਰਿਹਾ। ਜਿਸ ਕਾਰਣ ਉਹ ਅਜਿਹਾ ਮਾਨਸਿਕ ਤਣਾਅ ਬਰਦਾਸ਼ਤ ਨਾ ਕਰਦਾ ਹੋਇਆ। ਆਪਣੀ ਜਿੰਦਗੀ ਤੋਂ ਤੱਥ ਧੋ ਬੈਠਾ ਸੀ।

ਚਾਹਲ ਨੇ ਕਿਹਾ ਕਿ ਪੰਜਾਬ ਦੇ ਉਨ੍ਹਾਂ ਸਾਰੇ ਨੌਜਵਾਨਾਂ ਲਈ ਇਹ ਜ਼ਰੂਰੀ ਹੈ ਜੋ ਅਮਰੀਕਾ ਅੰਦਰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਕਰਨ ਬਾਰੇ ਵਿਚਾਰ ਕਰ ਰਹੇ ਹਨ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਵਿਚ ਬਿਨਾਂ ਸਹੀ ਦਸਤਾਵੇਜ਼ਾਂ ਤੋਂ ਰੁਜ਼ਗਾਰ ਪ੍ਰਾਪਤ ਕਰਨ ਵਿਚ ਭਾਰੀ ਮੁਸ਼ਕਲਾਂ ਹਨ। ਇਸ ਲਈ ਉਹ ਕਨੂੰਨੀ ਤਰੀਕਿਆਂ ਨਾਲ ਹੀ ਅਮਰੀਕਾ ਅੰਦਰ ਦਾਖਲ ਹੋਣ ਬਾਰੇ ਹੀ ਆਪਣਾ ਫੈਸਲਾ ਕਰਨ।

# ਕੋਰੋਨਾ ਵਾਇਰਸ ਦੇ ਖਤਰੇ ਕਾਰਨ ਓਂਟਾਰੀਓ ਕੈਨੇਡਾ 'ਚ ਮਈ ਤੱਕ ਸਕੂਲ ਰਹਿਣਗੇ ਬੰਦ

ਓਂਟਾਰੀਓ (ਟੋਰਾਂਟੋ)/ 1 ਅਪ੍ਰੈਲ 2020/ ਮਵਦੀਲਾ ਬਿਓਰੋ




ਅੱਜ ਦੀ ਤਾਰੀਖ ਵਿੱਚ ਕੈਨੇਡਾ ਵਿਚ ਕੋਰੋਨਾ ਵਾਈਰਸ ਦੇ ਪੋਜਟਿਵ ਮਰੀਜ਼ਾਂ ਦੀ ਗਿਣਤੀ 8,612 ਹੋ ਗਈ ਹੈ ਅਤੇ ਇਸ ਮਹਾਮਾਰੀ ਕਾਰਨ ਮਰਨ ਵਾਲਿਆ ਦੀ ਗਿਣਤੀ 101 ਤੱਕ ਪਹੁੰਚ ਗਈ ਹੈ ਇਸ ਲਈ ਕੈਨੇਡਾ ਸਰਕਾਰ ਕੋਰੋਵਾ ਰਾਈਰਸ ਨੂੰ ਫੈਲਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਇਸ ਕੋਰੋਨਾ ਵਾਇਰਸ ਮਹਾਂਮਾਰੀ ਦੇ ਮੱਦੇ ਨਜ਼ਰ ਓਟਾਰੀਓ ਦੇ ਸਕੂਲ ਹੁਣ ਘੱਟੋ-ਘੱਟ ਮਈ ਤੱਕ ਤੱਕ ਬੰਦ ਰਹਿਣਗੇ। ਜਿਕਰਯੋਗ ਹੈ ਕਿ ਓਟਾਰੀਓ ਵਿਚ ਸਕੂਲ ਪਹਿਲਾਂ ਤਿੰਨ ਹਫਤੇ ਲਈ ਬੰਦ ਕਰਨ ਦੇ ਹੁਕਮ ਦਿੱਤੇ ਗਏ ਸਨ ਅਤੇ ਇਹ ਸਕੂਲ ਅਪ੍ਰੈਲ ਦੇ ਪਹਿਲੇ ਹਫਤੇ ਤੋਂ ਖੁੱਲ੍ਹਣ ਦੀ ਉਮੀਦ ਸੀ ਪਰ ਸਿੱਖਿਆ ਮੰਤਰੀ ਸਟੀਫਨ ਲੇਸੀ ਦੇ ਦਫਤਰ ਨੇ ਸੀ. ਪੀ.-24 ਨੂੰ ਜਾਣਕਾਰੀ ਦਿੱਤੀ ਹੈ ਕਿ ਕੋਰੋਨਾ ਵਾਇਰਸ ਦੇ ਉਪਾਅ ਵਜੋਂ ਕੋਰੋਨਾ ਵਾਇਰਸ ਦੇ ਖਤਰੇ ਕਾਰਨ ਓਂਟਾਰੀਓ 'ਚ ਮਈ ਤੱਕ ਸਕੂਲ ਬੰਦ ਰਹਿਣਗੇ।

# ਪ੍ਰਿੰਸ ਚਾਰਲਸ ਨੇ 7 ਦਿਨਾਂ 'ਚ ਦਿੱਤੀ ਕੋਰੋਨਾ ਵਾਇਰਸ ਨੂੰ ਮਾਤ ਦੇ ਕੇ ਆਈਸੋਲੇਸ਼ਨ ਤੋਂ ਆਏ ਬਾਹਰ

ਲੰਡਨ/ 1 ਅਪ੍ਰੈਲ 2020/ ਮਵਦੀਲਾ ਬਿਓਰੋ



ਸ਼ਾਹੀ ਪਰਿਵਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਪ੍ਰਿੰਸ ਚਾਰਲਸ (71) ਪਿਛਲੇ ਹਫਤੇ ਰਾਸ਼ਟਰੀ ਸਿਹਤ ਸੰਭਾਲ (ਐਨ.ਐਚ.ਐਸ.) ਵਿਚ ਕੋਰੋਨਾ ਵਾਇਰਸ ਪ੍ਰੀਖਣ ਕਰਾਉਣ ਤੋਂ ਬਾਅਦ ਸਕਾਟਲੈਂਡ ਵਿਚ ਆਈਸੋਲੇਸ਼ਨ ਵਿਚ ਚਲੇ ਗਏ ਸਨ। ਕੋਰੋਨਾ ਵਾਇਰਸ ਦੀ ਪੁਸ਼ਟੀ ਹੋਣ ਤੋਂ 7 ਦਿਨ ਬਾਅਦ ਬ੍ਰਿਟੇਨ ਦੇ ਸ਼ਾਹੀ ਪਰਿਵਾਰ ਦੇ ਮੈਂਬਰ ਪ੍ਰਿੰਸ ਚਾਰਲਸ ਠੀਕ ਹੋ ਗਏ ਹਨ ਅਤੇ ਉਹ ਡਾਕਟਰ ਦੀ ਸਲਾਹ ਤੋਂ ਬਾਅਦ ਆਈਸੋਲੇਸ਼ਨ ਤੋਂ ਬਾਹਰ ਆਏ ਹਨ।

ਜਾਣਕਾਰੀ ਮੁਤਾਬਕ ਕਲੀਅਰੈਂਸ ਹਾਊਸ (ਰਾਜ ਪਰਿਵਾਰ ਨਿਵਾਸ) ਨੇ ਪੁਸ਼ਟੀ ਕੀਤੀ ਕਿ ਡਾਕਟਰਾਂ ਦੀ ਸਲਾਹ ਤੋਂ ਬਾਅਦ ਪ੍ਰਿੰਸ ਆਫ ਵੇਲਸ ਹੁਣ ਕੁਆਰੰਟੀਨ ਤੋਂ ਬਾਹਰ ਆ ਗਏ ਹਨ। ਪ੍ਰਿੰਸ ਚਾਰਲਸ ਦੀ ਪਤਨੀ ਕੈਮਿਲਾ (72) ਉਸੇ ਸਮੇਂ ਜਾਂਚ ਵਿਚ ਕੋਰੋਨਾਵਾਇਰਸ ਰਿਪੋਰਟ ਵਿਚ ਪਾਜ਼ੇਟਿਵ ਨਹੀਂ ਪਾਈ ਗਈ ਸੀ ਪਰ ਉਦੋਂ ਤੋਂ ਉਹ ਵੀ ਬਾਲਮੋਰਲ ਵਿਚ ਅਲੱਗ ਰਹਿ ਰਹੀ ਸੀ। ਇਸ ਸ਼ਾਹੀ ਜੋੜੇ ਨੇ ਪਿਛਲੇ ਸੋਮਵਾਰ ਨੂੰ ਮੈਡੀਕਲ ਜਾਂਚ ਕਰਾਈ ਸੀ। ਉਸ ਤੋਂ ਪਹਿਲਾਂ ਦੋਵੇਂ ਜੈੱਟ ਜਹਾਜ਼ ਰਾਹੀਂ ਸਕਾਟਲੈਂਡ ਪਹੁੰਚੇ ਸਨ ਅਤੇ ਉਦੋਂ ਤੋਂ ਹੀ ਉਹ ਉਥੇ ਸਨ।

ਕਲੀਅਰੈਂਸ ਹਾਊਸ ਨੇ ਆਖਿਆ ਸੀ ਕਿ ਇਥੇ ਪਤਾ ਲਾਉਣਾ ਸੰਭਵ ਨਹੀਂ ਹੈ ਕਿ ਪ੍ਰਿੰਸ ਨੂੰ ਕਿਵੇਂ ਕੋਰੋਨਾ ਵਾਇਰਸ ਪਾਜਟਿਵ ਹੋਇਆ ਹੈ ਕਿਉਂਕਿ ਪਿਛਲੇ ਹਫਤਿਆਂ ਵਿਚ ਉਹ ਜਨਤਕ ਭੂਮਿਕਾ ਨੂੰ ਲੈ ਕੇ ਕਈ ਪ੍ਰੋਗਰਾਮਾਂ ਵਿਚ ਸ਼ਾਮਲ ਹੋਏ ਸਨ।

# ਏਅਰ ਕੈਨੇਡਾ ਵੱਲੋਂ ਕੋਰੋਨਾ ਵਾਇਰਸ ਕਾਰਨ ਪੈਦਾ ਹੋਈ ਮੰਦੀ ਕਾਰਨ 16,500 ਮੁਲਾਜ਼ਮਾਂ ਦੀ ਛਾਂਟੀ




ਮੌਂਟਰੀਅਲ/ ਮਵਦੀਲਾ ਬਿਓਰੋ

ਏਅਰ ਕੈਨੇਡਾ ਵੱਲੋਂ ਕੋਰੋਨਾ ਵਾਇਰਸ ਕਾਰਨ ਪੈਦਾ ਹੋਈ ਆਰਥਿਕ ਮੰਦੀ ਕਾਰਨ 16,500 ਮੁਲਾਜ਼ਮਾਂ ਦੀ ਆਰਜੀ ਤੌਰ ਤੇ ਛਾਂਟੀ ਕਰ ਦਿੱਤੀ ਗਈ ਹੈ। ਮੌਂਟਰੀਅਲ ਵਿਖੇ ਸਥਿਤ ਏਅਰ ਕੈਨੇਡਾ ਏਅਰਲਾਈਨ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਵੀਕਐਂਡ ਜਾਣੀ ਕੇ ਇਸ ਆਉਂਦੇ ਸ਼ੁੱਕਰਵਾਰ ਤੋਂ 15,200 ਵਰਕਰ ਅਤੇ 1,300 ਮੈਨੇਜਰ ਆਪਣੀ ਜੋਬ ਤੋਂ ਹੱਥ ਧੋ ਬੈਠੇ ਹਨ।

ਇਸ ਸਬੰਧੀ ਇਕ ਬਿਆਨ ਜਾਰੀ ਕਰਦਿਆਂ ਏਅਰ ਕੈਨੇਡਾ ਦੇ ਮੁੱਖ ਕਾਰਜਕਾਰੀ ਅਫ਼ਸਰ ਕੈਲਿਨ ਰੋਵੇ-ਨੈਸਕਿਊ ਨੇ ਕਿਹਾ ਕਿ ਐਨੇ ਜ਼ਿਆਦਾ ਮੁਲਾਜ਼ਮਾਂ ਦੀ ਛਾਂਟੀ ਕਰਦਿਆਂ ਸਾਨੂੰ ਬੇਹੱਦ ਦੁਖ ਹੋ ਰਿਹਾ ਹੈ ਪਰ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਇਹ ਕਦਮ ਪਿਆ ਹੈ।

ਜਿਕਰਯੋਗ ਹੈ ਕਿ ਏਅਰ ਕੈਨੇਡਾ ਵੱਲੋਂ ਜ਼ਿਆਦਾਤਰ ਕੌਮਾਂਤਰੀ ਉਡਾਣਾਂ ਬੰਦ ਕਰ ਦਿਤੀਆਂ ਗਈਆਂ ਹਨ ਅਤੇ ਅਮਰੀਕਾ ਦੇ ਗਿਣੇ-ਚੁਣੇ ਰੂਟਾਂ 'ਤੇ ਹਵਾਈ ਸੇਵਾ ਚੱਲ ਰਹੀ ਹੈ। ਏਅਰ ਕੈਨੇਡਾ ਮੁਤਾਬਕ ਖਰਚਾ ਘਟਾਉਣ ਲਈ ਮਜਬੂਰੀ ਵਿੱਚ ਇਨ੍ਹਾ ਮੁਲਾਜ਼ਮਾਂ ਦੀ ਛਾਂਟੀ ਕਰਨੀ ਪਈ ਹੈ। ਇਸ ਛਾਂਟੀ ਕਾਰਨ 50 ਕਰੋੜ ਡਾਲਰ ਦੀ ਬੱਚਤ ਹੋਵੇਗੀ।

# ਕੈਨੇਡਾ ਦੇ ਪੰਜਾਬੀ ਐਮ.ਪੀ. ਕਮਲ ਖਹਿਰਾ ਨੂੰ ਕੋਰੋਨਾ ਵਾਇਰਸ ਪੌਜ਼ੇਟਿਵ




ਬਰੈਂਪਟਨ (ਕੈਨੇਡਾ)/ 26 ਮਾਰਚ 2020 / ਮਵਦੀਲਾ ਬਿਓਰੋ

ਮਿਲੀ ਜਾਣਕਾਰੀ ਮੁਤਾਬਕ ਵੈਸਟ ਬਰੈਂਪਟਨ ਤੋਂ ਐਮ.ਪੀ. ਕਮਲ ਖਹਿਰਾ ਨੂੰ ਕੋਰੋਨਾ ਵਾਇਰਸ ਪੌਜ਼ੇਟਿਵ ਆਇਆ ਹੈ। ਕਮਲ ਖਹਿਰਾ ਨੇ ਦੱਸਿਆ ਕਿ ਇੱਕ ਰਾਤ ਉਨ੍ਹਾਂ ਨੇ ਕੋਰੋਨਾ ਵਾਇਰਸ ਵਰਗੇ ਲੱਛਣ ਮਹਿਸੂਸ ਹੋਏ ਤਾਂ ਉਹ ਆਈਸੋਲੇਸ਼ਨ ਵਿਚ ਚਲੇ ਗਏ। ਫਿਰ ਪੀਲ ਮੈਮੋਰੀਅਲ ਵਿਖੇ ਕੀਤੇ ਗਏ ਉਨਾਂ ਦੇ ਟੈਸਟ ਦੀ ਰਿਪੋਰਟ ਤੋਂ ਪਤਾ ਲੱਗਾ ਕਿ ਉਹਨਾ ਨੂੰ ਕੋਰੋਨਾ ਵਾਇਰਸ ਪੌਜ਼ੇਟਿਵ ਆਇਆ ਹੈ। ... ਨੇ ਬੁਲੰਦ ਹੌਸਲੇ ਵਿੱਚ ਕਿਹਾ ਕਿ ਕੋਰੋਨਾ ਵਾਇਰਸ ਪੌਜ਼ੇਟਿਵ ਆ ਜਾਣ ਦੇ ਬਾਵਜੂਦ ਮੇਰਾ ਹੌਸਲਾ ਬੁਲੰਦ ਹੈ ਅਤੇ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਇਸ ਵਾਇਰਸ ਤੋਂ ਪੀੜਤ ਸਾਰੇ ਲੋਕ ਜਲਦੀ ਤੋਂ ਜਲਦੀ ਠੀਕ ਹੋ ਜਾਣ।

ਉਨ੍ਹਾਂ ਵੱਲੋਂ ਪਬਲਿਕ ਹੈਲਥ ਡਿਪਾਰਮੈਂਟ ਦੀਆਂ ਹਦਾਇਤਾਂ ਦੀ ਪੂਰੀ ਤਰ੍ਹਾ ਪਾਲਣਾ ਕੀਤੀ ਜਾ ਰਹੀ ਹੈ ਅਤੇ ਬਿਮਾਰ ਹੋਣ ਦੇ ਬਾਵਜੂਦ ਵੀ ਉਨ੍ਹਾਂ ਦਾ ਦਫ਼ਤਰ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਉਨ੍ਹਾ ਦੇ ਸਾਰੇ ਮੁਲਾਜਮ ਆਪੋ-ਆਪਣੇ ਘਰਾਂ ਤੋਂ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਅ ਰਹੇ ਹਨ।

# ਅਫਗਾਨਿਸਤਾਨ ਕਾਬਲ ਦੇ ਗੁਰਦੁਆਰਾ ਸਾਹਿਬ ਤੇ ਅੱਤਵਾਦੀ ਹਮਲਾ

ਮੋਗਾ (ਪੰਜਾਬ) / 25 ਮਾਰਚ 2020 / ਭਵਨਦੀਪ ਸਿੰਘ ਪੁਰਬਾ



ਬਹੁਤ ਹੀ ਦੁਖਦਾਇਕ ਖਬਰ ਹੈ ਕਿ ਅਫਗਾਨਿਸਤਾਨ ਕਾਬਲ ਦੇ ਗੁਰਦੁਆਰਾ ਸਾਹਿਬ ਤੇ ਅੱਤਵਾਦੀ ਹਮਲਾ ਹੋਇਆ ਜਿਸ ਕਾਰਨ ਆਪਣੇ ਕੁਝ ਸਿੱਖ ਵੀਰ ਸ਼ਹੀਦ ਹੋ ਗਏ ਹਨ। ਹਾਲ ਦੀ ਸਥਿਤੀ ਵਿੱਚ ਅਫਗਾਨਿਸਤਾਨ ਦੀ ਫੌਜ ਨੇ ਸਾਰਾ ਕੁਝ ਆਪਣੇ ਕਬਜ਼ੇ 'ਚ ਲੈ ਲਿਆ ਹੈ।

ਇਨਾ ਅੱਤਵਾਦੀਆਂ ਦਾ ਵਾਕਿਆ ਕੋਈ ਧਰਮ ਨਹੀ ਹੁੰਦਾ, ਇਹ ਨਾਸਤਿਕ ਹੁੰਦੇ ਨੇ, ਕਿਸੇ ਵੀ ਜਗਾ ਤੇ ਇਹ ਹਮਲਾ ਕਰ ਦਿੰਦੇ ਨੇ ਚਾਹੇ ਉਹ ਕੋਈ ਧਾਰਮਿਕ ਸਥਾਨ ਹੋਵੇ ਜਾ ਕੋਈ ਬੱਚਿਆਂ ਦਾ ਸਕੂਲ ਹੋਵੇ। ਪੰਜਾਬ ਵਿੱਚ ਸਭ ਪਾਸਿਓ ਇਸ ਘਟਨਾ ਦੀ ਨਿਖੇਦੀ ਕੀਤੀ ਜਾਂ ਰਹੀਂ ਹੈ।

# ਅਮਰੀਕਾ ਵੱਲੋਂ ਸਿਹਤ ਸੰਕਟ ਦੇ ਟਾਕਰੇ ਲਈ 2 ਖਰਬ ਡਾਲਰ ਦਾ ਸਭ ਤੋਂ ਵੱਡਾ ਆਰਥਿਕ ਪੈਕੇਜ ਪ੍ਰਵਾਨ

ਵਾਸ਼ਿੰਗਟਨ (ਅਮਰੀਕਾ)/ ਮਵਦੀਲਾ ਬਿਓਰੋ



ਦੁਨੀਆਂ ਦੇ ਵੱਡੇ ਸੰਕਟ ਕੋਰੋਨਾ ਵਾਇਰਸ ਦੇ ਟਾਕਰੇ ਲਈ ਅਮਰੀਕਾ ਸਰਕਾਰ ਵੱਲੋਂ ਸਵਾ ਦੋ ਖ਼ਰਬ ਡਾਲਰ ਦੇ ਰਾਹਤ ਪੈਕੇਜ ਨੂੰ ਪ੍ਰਵਾਨਗੀ ਦੇ ਦਿਤੀ ਗਈ ਹੈ। ਜਿਕਰਯੋਗ ਹੈ ਕਿ ਅਮਰੀਕਾ ਦੇ ਇਤਿਹਾਸ ਵਿਚ ਇਹ ਸਭ ਤੋਂ ਵੱਡਾ ਆਰਥਿਕ ਪੈਕੇਜ ਹੈ ਜਿਸ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਹੈ।

ਖ਼ਜ਼ਾਨਾ ਮੰਤਰੀ ਸਟੀਵਨ ਨਿਊਚਿਨ ਨੇ ਕਿਹਾ ਕਿ ਮੌਜੂਦਾ ਆਰਥਿਕ ਪ੍ਰਬੰਧ ਤਿੰਨ ਮਹੀਨੇ ਵਾਸਤੇ ਕੀਤਾ ਜਾ ਰਿਹਾ ਹੈ ਕਿਉਂਕਿ ਉਮੀਦ ਕਰਦੇ ਹਾਂ ਕਿ ਇਸ ਤੋਂ ਪਹਿਲਾਂ-ਪਹਿਲਾਂ ਇਹ ਸੰਕਟ ਖ਼ਤਮ ਹੋ ਜਾਵੇਗਾ।

ਉਨ੍ਹਾ ਦੱਸਿਆ ਕਿ ਫ਼ੈਡਰਲ ਸਰਕਾਰ ਹਰ ਬਾਲਗ ਅਮਰੀਕੀ ਨਾਗਰਿਕ ਨੂੰ 1200 ਡਾਲਰ ਦੀ ਆਰਥਿਕ ਸਹਾਇਤਾ ਮੁਹੱਈਆ ਕਰਵਾਏਗੀ ਅਤੇ ਕਾਰੋਬਾਰੀਆਂ ਲਈ ਵੱਖਰੇ ਫ਼ੰਡ ਅਲਾਟ ਕੀਤੇ ਜਾਣਗੇ। ਕਿਰਤੀਆਂ ਅਤੇ ਸਿਹਤ ਸੰਭਾਲ ਪ੍ਰਣਾਲੀ ਲਈ ਵੱਖਰੇ ਪੈਕੇਜ ਹੋਣਗੇ।

# 'ਸੋਫੀ' ਕੋਰੋਨਾ ਦੀ ਬੀਮਾਰੀ ਤੋਂ ਠੀਕ ਹੋ ਗਈ ਹੈ, ਇਹ ਮੇਰੇ ਲਈ ਖੁਸ਼ੀ ਦੀ ਗੱਲ ਹੈ -ਜਸਟਿਨ ਟਰੂਡੋ



ਕੈਨੇਡਾ/ ਮਵਦੀਲਾ ਬਿਓਰੋ

ਬੀਤੇ ਹਫਤਿਆ ਦੌਰਾਣ ਇੱਕ ਖਾਸ ਖਬਰ ਸੁਨਣ ਨੂੰ ਮਿਲ ਰਹੀ ਸੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਤਨੀ ਸੋਫੀ ਦੀ ਵੀ ਕੋਰੋਨਾ ਰਿਪੋਰਟ ਵਿੱਚ ਪੌਜ਼ੇਟਿਵ ਆਇਆ ਹੈ। ਕਈਆਂ ਨੂੰ ਇਸ ਗੱਲ ਤੇ ਯਕੀਨ ਨਹੀਂ ਆ ਰਿਹਾ ਸੀ ਪਰ ਕੋਰੋਨਾ ਵਰਗੀਆਂ ਮਹਾ-ਮਾਰੀਆਂ ਲਈ ਕੋਈ ਅਹੁੱਦਾ ਨਹੀਂ ਵੇਖਦੀ, ਕੋਈ ਰੰਗ-ਭੇਦ ਨਹੀਂ ਵੇਖਦੀ। ਵਾਕਿਆ ਹੀ ਜਸਟਿਨ ਟਰੂਡੋ ਦੀ ਪਤਨੀ ਸੋਫੀ ਦੀ ਵੀ ਕੋਰੋਨਾ ਰਿਪੋਰਟ ਪੌਜ਼ੇਟਿਵ ਆਈ ਸੀ ਜੋ ਹੁਣ ਉਹ ਠੀਕ ਹੋ ਗਏ ਹਨ ਪਰ ਉਹ ਅਜੇ ਇਕੱਲੇ ਹੀ ਰਹਿਣਗੇ।

ਜਿਕਰਯੋਗ ਹੈ ਅੱਜ 1 ਅਪ੍ਰੈਲ 2020 ਸਾਮ ਦੇ 7 ਵਜੇ ਤੱਕ ਕਿ ਕੈਨੇਡਾ ਵਿਚ ਕੋਰੋਨਾ ਦੇ 8,536 ਕੇਸ ਸਾਹਮਣੇ ਆਏ ਹਨ ਜਦੋਂ ਕਿ 96 ਮੌਤਾਂ ਹੋ ਚੁੱਕੀਆਂ ਹਨ। ਇਸੇ ਦੇ ਮੱਦੇ ਨਜ਼ਰ ਜਸਟਿਨ ਟਰੂਡੋ ਨੇ ਕਿਹਾ ਕਿ ਇਹ ਮੇਰੇ ਲਈ ਖੁਸ਼ੀ ਦੀ ਗੱਲ ਹੈ ਕਿ ਮੇਰੀ ਪਤਨੀ 'ਸੋਫੀ' ਇਸ ਕੋਰੋਨਾ ਦੀ ਬੀਮਾਰੀ ਤੋਂ ਠੀਕ ਹੋ ਗਈ ਹੈ ਉਨ੍ਹਾ ਇਹ ਵੀ ਸਪਸਟ ਕੀਤਾ ਕਿ ਅਸੀਂ ਦੋਵੇ ਫਿਲਹਾਲ ਅਲੱਗ-ਅਲੱਗ ਹੀ ਰਹਾਗੇ ਅਤੇ ਅਸੀਂ ਕੈਨੇਡੀਅਨ ਸਿਹਤ ਵਿਭਾਗ ਦੇ ਨਿਯਮਾਂ ਅਤੇ ਸਲਾਹ ਦੀ ਪੂਰੀ-ਪੂਰੀ ਪਾਲਣਾ ਕਰ ਰਹੇ ਹਾਂ।

# ਜਰਮਨੀ ਦੇ ਹੇਸੇ ਪ੍ਰਾਂਤ ਦੇ ਵਿੱਤ ਮੰਤਰੀ ਥੌਮਸ ਸ਼ਏਫਰ ਨੇ ਕੋਰੋਨਾ ਕਾਰਨ ਹੋਏ ਆਰਥਿਕ ਸੰਕਟ ਤੋਂ ਪਰੇਸ਼ਾਨ ਹੋ ਕੇ ਕੀਤੀ ਖੁਦਕੁਸ਼ੀ

ਹੇਸੇ (ਜਰਮਨੀ)/ ਮਵਦੀਲਾ ਬਿਓਰੋ



ਜਰਮਨੀ ਦੇ ਹੇਸੇ ਪ੍ਰਾਂਤ ਦੇ ਵਿੱਤ ਮੰਤਰੀ ਥੌਮਸ ਸ਼ਏਫਰ ਨੇ ਕੋਰੋਨਾ ਵਾਈਰਸ ਕਾਰਨ ਆਏ ਆਰਥਿਕ ਸੰਕਟ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ।

ਜਾਣਕਾਰੀ ਅਨੁਸਾਰ ਜਰਮਨੀ ਦੇ ਹੇਸੇ ਪ੍ਰਾਂਤ ਦੇ ਵਿੱਤ ਮੰਤਰੀ ਨੇ ਰੇਲ ਦੇ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਹੈ। ਹੇਸੇ ਪ੍ਰਾਂਤ ਦੇ ਮੁੱਖ ਮੰਤਰੀ (ਪ੍ਰੀਮੀਅਰ) ਫੋਲਕਰ ਬੋਫੀਅਰ ਦੇ ਅਨੁਸਾਰ ਥਾਮਸ ਸ਼ਏਫਰ ਇਹ ਸੋਚ ਕੇ ਬਹੁਤ ਪਰੇਸ਼ਾਨ ਸਨ ਕਿ ਕੋਰੋਨਾ ਵਾਇਰਸ ਨਾਲ ਪੈਦਾ ਹੋਏ ਆਰਥਿਕ ਸੰਕਟ ਨਾਲ ਕਿਵੇਂ ਨਜਿੱਠਿਆ ਜਾਵੇਗਾ।

54 ਸਾਲਾ ਥਾਮਸ ਸ਼ਏਫਰ ਪਿਛਲੇ 10 ਸਾਲਾਂ ਤੋਂ ਹੇਸੇ ਦੇ ਵਿੱਤ ਮੰਤਰੀ ਸਨ। ਜਰਮਨੀ ਦੀ ਆਰਥਿਕ ਰਾਜਧਾਨੀ ਕਹੇ ਜਾਣ ਵਾਲਾ ਸ਼ਹਿਰ ਫ੍ਰੈਂਕਫਰਟ ਇਸ ਪ੍ਰਾਂਤ ਵਿਚ ਹੈ। ਡਾਇਚੇ ਬੈਂਕ ਅਤੇ ਯੂਰਪੀਅਨ ਸੈਂਟਰਲ ਬੈਂਕ ਵਰਗੀਆਂ ਕਈ ਜਾਣੀਆਂ-ਪਛਾਣੀਆਂ ਕੰਪਨੀਆਂ ਦੇ ਹੈੱਡਕੁਆਰਟਰ ਇਥੇ ਹਨ। ਮੁੱਖ ਮੰਤਰੀ ਫੋਲਕਰ ਬੋਫੀਅਰ ਨੇ ਕਿਹਾ ਕਿ ਵਿੱਤ ਮੰਤਰੀ 'ਥੌਮਸ ਸ਼ਏਫਰ' ਪਿਛਲੇ ਕੁਝ ਸਮੇਂ ਤੋਂ ਬੜੀ ਹੀ ਮਿਹਨਤ ਨਾਲ ਦਿਨ-ਰਾਤ ਇੱਕ ਕਰਕੇ ਕੰਮ ਕਰ ਰਿਹਾ ਸੀ।

